# ਬੁਸ਼ ਦੀਵਾਨ

ਮਨੀਸ਼ਾ ਅੰਜਲੀ
ਅਨਿੰਦਿਤਾ ਬੈਨਰਜੀ
ਪੇਰੂਨ ਬੋਨਸਰ
ਮੋਨੀਸ਼ਾ ਚਿਪੜਾ
ਸੁਖਜੀਤ ਕੌਰ ਖਾਲਸਾ
ਅਮਰਦੀਪ ਸ਼ੇਰਗਿੱਲ

**5 ਅਗਸਤ - 16 ਅਕਤੂਬਰ 2022**

4A Centre for Contemporary Asian Art

BENALLA ART GALLERY

ਪਰਵਾਸ ਦੀਆਂ ਕਹਾਣੀਆਂ ਨਾਲ ਸੱਜਿਆ *ਬੁਸ਼ ਦੀਵਾਨ* ਆਸਟ੍ਰੇਲੀਆ ਦੇ ਕਲਾ-ਖੇਤਰ ਨਾਲ ਸਬੰਧਿਤ ਉਹਨਾਂ ਕਲਾਕਾਰਾਂ ਅਤੇ ਕਹਾਣੀਕਾਰਾਂ ਨੂੰ ਇੱਕ ਮੰਚ 'ਤੇ ਇਕੱਠਾ ਕਰ ਰਿਹਾ ਹੈ, ਜਿਨ੍ਹਾਂ ਦਾ ਕੰਮ ਆਪਣੇ ਭਾਈਚਾਰੇ ਦੇ ਸੰਘਰਸ਼ਾਂ, ਅਤੇ ਉਹਨਾਂ ਦੀਆਂ ਜਿੱਤ ਦੀਆਂ ਕਹਾਣੀਆਂ ਨੂੰ ਦਰਸਾਉਂਦਾ ਹੈ।

ਇਹ ਪ੍ਰਦਰਸ਼ਨੀ ਦੱਖਣੀ ਏਸ਼ੀਆਈ 'ਡਾਇਸਪੋਰਾ' ਅਤੇ 'ਫਸਟ ਨੇਸ਼ਨਜ਼' ਦੇ ਕਲਾਕਾਰਾਂ ਦੇ ਨਜ਼ਰੀਏ ਤੋਂ ਬੇਨਾਲਾ ਸਥਾਨਕ ਸਿਵਾ ਸਿੰਘ ਦੀ ਕਹਾਣੀ ਦੀ ਪੁਨਰ-ਕਲਪਨਾ ਹੈ। ਪੰਜਾਬੀ ਸ਼ਬਦ 'ਦੀਵਾਨ' ਦਾ ਅਰਥ ਹੈ ਇਕੱਠ ਜਾਂ ਧਾਰਮਿਕ ਸਮਾਗਮ। ਇਹ ਅਭਿਆਸ ਭਾਈਚਾਰਕ ਗਠਨ ਅਤੇ ਕਿਸੇ ਸਥਾਨ ਨਾਲ ਜੁੜਨ ਲਈ ਕਾਫੀ ਮਹਤੱਤਾ ਰੱਖਦਾ ਹੈ।

ਸਿਵਾ ਸਿੰਘ ਅਤੇ ਉਹਨਾਂ ਦੇ ਭਾਈਚਾਰੇ ਲਈ ਸਮਰਪਿਤ ਕਾਰਜਾਂ ਤੋਂ ਪ੍ਰੇਰਿਤ *ਬੁਸ਼ ਦੀਵਾਨ* ਸਾਨੂੰ ਪਰਵਾਸ ਦੀਆਂ ਪ੍ਰਕਿਰਿਆਵਾਂ, ਵਤਨ ਨਾਲ ਮੇਲ-ਮਿਲਾਪ, ਅਤੇ ਆਸਟ੍ਰੇਲੀਆ ਵਿੱਚ ਸਿਵਾ ਸਿੰਘ ਦੀ ਪਰਵਾਸੀ ਬਿਰਤਾਂਤ ਦੀ ਗੂੰਜਦੀ ਆਵਾਜ਼ ਉੱਤੇ ਵਿਚਾਰ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਸਿਵਾ ਸਿੰਘ ਲੱਗਭਗ ਸੰਨ 1896 ਵਿੱਚ ਆਸਟ੍ਰੇਲੀਆ ਆਏ ਅਤੇ ਉਹਨਾਂ ਨੇ 1898 ਤੋਂ ਬੇਨਾਲਾ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਇੱਕ ਹਾਕਰ ਵਜੋਂ ਕੰਮ ਕੀਤਾ। ਆਪਣੀ ਵਿਸ਼ੇਸ਼ ਗੁਲਾਬੀ ਪੱਗ ਲਈ ਵਿਆਪਕ ਤੌਰ 'ਤੇ ਜਾਣੇ ਜਾਂਦੇ ਸਿਵਾ ਸਿੰਘ ਨੇ ਆਪਣੇ ਆਪ ਨੂੰ ਸਥਾਨਕ ਭਾਈਚਾਰੇ ਦੇ ਇੱਕ ਅਹਿਮ ਹਿੱਸੇ ਵਜੋਂ ਸਥਾਪਿਤ ਕੀਤਾ ਅਤੇ ਆਪਣੀ ਮਿਹਨਤ ਸਦਕਾ 1915 ਤੱਕ ਉਹ 320 ਏਕੜ ਖੇਤ ਦੇ ਮਾਲਕ ਬਣ ਗਏ ਸਨ ।

ਇਸ ਪ੍ਰਦਰਸ਼ਨੀ ਦੀ 'ਕਲਰ ਪੈਲੇਟ' ਸਿਵਾ ਸਿੰਘ ਦੀ ਪੱਗ ਦੇ ਰੰਗ 'ਤੋਂ ਪ੍ਰੇਰਿਤ ਹੈ। ਸਿਵਾ ਸਿੰਘ ਦੀ ਮੌਜੂਦਗੀ ਦਾ ਸੰਕੇਤ ਦੇਣ ਲਈ ਗੈਲਰੀ ਵਾਲੀ ਥਾਂ ਵਿੱਚ ਦਸਤਖਤ ਦੀਆਂ ਕੰਧਾਂ 'ਤੇ ਨਰਮ ਗੁਲਾਬੀ ਪੇਂਟ ਕੀਤੇ ਗਏ ਹਨ। ਸਿਵਾ ਸਿੰਘ ਨੇ ਬੇਨਾਲਾ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਸਿੱਖ ਗ੍ਰੰਥੀ ਦੀ ਡਿਊਟੀ ਵੀ ਨਿਭਾਈ। ਆਸਟ੍ਰੇਲੀਆ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੇ ਆਗਮਨ ਤੋਂ ਬਾਅਦ, ਉਹਨਾਂ ਨੇ 16 ਦਸੰਬਰ 1920 ਨੂੰ ਬੇਨਾਲਾ ਸਥਿਤ ਆਪਣੇ ਫਾਰਮ ਵਿੱਚ ਹਰਨਾਮ ਸਿੰਘ ਨਮਿਤ ਰਸਮੀ ਅਖੰਡ ਪਾਠ ਕਰਵਾਇਆ ਜਿਸ ਮੌਕੇ ਤਕਰੀਬਨ 30 ਸਿੱਖਾਂ ਨੇ ਹਾਜ਼ਰੀ ਭਰੀ। ਫੋਟੋਗ੍ਰਾਫਰ ਵਿਲੀਅਮ ਜੌਹਨ ਹਾਉਸ਼ਿਪ ਦੁਆਰਾ ਤਸਵੀਰਾਂ ਵੀ ਖਿੱਚੀਆਂ ਗਈਆਂ ਅਤੇ ਆਸਟ੍ਰੇਲੀਆ ਵਿੱਚ ਜਾਣਿਆ ਜਾਣ ਵਾਲਾ ਇਹ ਪਹਿਲਾ ਅਖੰਡ ਪਾਠ ਸੀ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸ਼ਾਮਲ ਸੀ ।

ਸਿਵਾ ਸਿੰਘ ਨੂੰ ਵ੍ਹਾਈਟ ਆਸਟ੍ਰੇਲੀਆ ਨੀਤੀ ਦੇ ਖਿਲਾਫ ਉਹਨਾਂ ਦੀ ਨਿੱਜੀ ਲੜਾਈ ਲਈ ਵੀ ਯਾਦ ਕੀਤਾ ਜਾਂਦਾ ਹੈ। ਤਿੰਨ ਵਾਰ ਵੋਟ ਪਾਉਣ ਦੇ ਬਾਵਜੂਦ ਇਸ ਨੀਤੀ ਨੇ ਉਹਨਾਂ ਨੂੰ ਵੋਟਰ ਸੂਚੀ ਵਿੱਚੋਂ ਹਟਾ ਦਿੱਤਾ ਸੀ, ਜਿਸ ਤੋਂ ਬਾਅਦ ਸਿਵਾ ਸਿੰਘ ਵਲੋਂ ਇਸ ਮੁਤੱਲਕ ਦਾਇਰ ਕੀਤੇ ਗਏ ਅਦਾਲਤੀ ਕੇਸ ਨੂੰ ਵੀ ਸ਼ੁਰੂਆਤ ਵਿੱਚ ਹੀ ਰੱਦ ਕਰ ਦਿੱਤਾ ਗਿਆ ਅਤੇ ਸਿਵਾ ਸਿੰਘ ਨੂੰ ਕਾਨੂੰਨੀ ਖਰਚੇ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਗਿਆ। ਇੱਕ ਦਹਾਕੇ ਦੀ ਕਾਨੂੰਨੀ ਲੜਾਈ ਤੋਂ ਬਾਅਦ 1925 ਵਿੱਚ ਉਹਨਾਂ ਨੇ ਆਪਣੀ ਵੋਟ ਦਾ ਅਧਿਕਾਰ ਮੁੜ ਪ੍ਰਾਪਤ ਕੀਤਾ।

1920 ਵਿੱਚ ਸਿਵਾ ਸਿੰਘ ਦੇ ਫਾਰਮ 'ਤੇ ਰਸਮੀ ਅਖੰਡ ਪਾਠ ਲਈ ਇਕੱਠੇ ਹੋਏ ਸਿੱਖਾਂ ਦੀ ਯਾਦ ਦਾ ਹਵਾਲਾ ਲੈਂਦੇ ਹੋਏ, ਇਸ ਪ੍ਰਦਰਸ਼ਨੀ ਵਿੱਚ ਅਨਿੰਦਿਤਾ ਬੈਨਰਜੀ, ਮੋਨੀਸ਼ਾ ਚਿਪੜਾ, ਅਤੇ ਅਮਰਦੀਪ ਸ਼ੇਰਗਿੱਲ ਆਪਣੀ ਕਲਾ ਰਾਹੀਂ ਆਪਣੇ ਆਸਟ੍ਰੇਲੀਆਈ ਜੀਵਨ ਨੂੰ ਆਪਣੇ ਪਿਛੋਕੜ ਨਾਲ ਜੋੜਨ ਲਈ ਪਰਿਵਾਰਕ ਪਰੰਪਰਾਵਾਂ, ਵਸਤੂਆਂ ਅਤੇ ਵਿਚਾਰਾਂ ਦੀ ਪੜਚੋਲ ਕਰ ਰਹੇ ਹਨ।
ਪ੍ਰਦਰਸ਼ਨੀ 'ਚ ਵਿਖਾਈਆਂ ਜਾ ਰਹੀਆਂ ਰਚਨਾਵਾਂ ਸਿਵਾ ਸਿੰਘ ਦੀਆਂ ਨਿੱਜੀ ਜਿੱਤਾਂ ਅਤੇ ਸਮੂਹਿਕ ਸੰਘਰਸ਼ਾਂ ਦੇ ਵਿਸ਼ਿਆਂ ਨੂੰ ਪ੍ਰਤੀਬਿੰਬਿਤ ਕਰਦੀਆਂ ਹਨ। ਨਾਗਰਿਕ ਅਧਿਕਾਰਾਂ, ਸਮਾਜਿਕ ਨਿਆਂ ਅਤੇ ਆਪਣੇ ਵੋਟ ਦੇ ਅਧਿਕਾਰ ਲਈ ਕੀਤੀ ਗਈ ਸਿਵਾ ਸਿੰਘ ਦੀ ਕਾਨੂੰਨੀ ਮੁਹਿੰਮ ਦੀ ਗੂੰਜ ਨੂੰ ਸੁਖਜੀਤ ਕੌਰ ਖਾਲਸਾ, ਪੇਰੂਨ ਬੋਨਸਰ, ਅਤੇ ਮਨੀਸ਼ਾ ਅੰਜਲੀ ਨੇ ਆਪਣੀ ਆਵਾਜ਼ ਅਤੇ ਆਪਣੇ ਟੈਕਸਟ-ਅਧਾਰਿਤ ਕੰਮ ਅਤੇ ਪ੍ਰਦਰਸ਼ਨ ਵੀਡੀਓਜ਼ ਰਾਹੀਂ ਕੇਂਦਰਿਤ ਕੀਤਾ ਹੈ।

'ਮੂਵਿੰਗ-ਇਮੇਜ' ਤੋਂ ਲੈ ਕੇ 'ਸਟਿਲਜ਼' ਤੱਕ, ਆਵਾਜ਼ ਤੋਂ ਰਸਮੀ ਪ੍ਰਦਰਸ਼ਨ ਤੱਕ, ਅਤੇ ਟੈਕਸਟਾਈਲ ਤੋਂ ਇੰਸਟਾਲੇਸ਼ਨ ਤੱਕ, *ਬੁਸ਼ ਦੀਵਾਨ* ਛੇ ਕਲਾਕਾਰਾਂ ਨੂੰ ਪੇਸ਼ ਕਰਦਾ ਹੈ ਜਿਨ੍ਹਾਂ ਦੀਆਂ ਰਚਨਾਵਾਂ ਸਿਵਾ ਸਿੰਘ ਦੀ ਵਿਸ਼ਵ-ਵਿਆਪੀ ਕਹਾਣੀ ਅਤੇ ਆਸਟ੍ਰੇਲੀਆ ਵਿੱਚ ਸਿੱਖ ਇਤਿਹਾਸ ਅਤੇ ਨਸਲਵਾਦ ਵਿਰੋਧੀ ਲਹਿਰਾਂ ਵਿੱਚ ਉਸਦੇ ਯੋਗਦਾਨ ਨੂੰ ਬਿਆਨ ਕਰਦੀਆਂ ਹਨ। ਆਪਣੇ ਕਲਾਤਮਕ ਅਭਿਆਸਾਂ ਦੁਆਰਾ, *ਬੁਸ਼ ਦੀਵਾਨ* ਦੇ ਕਲਾਕਾਰਾਂ ਨੇ ਆਪਣੀ ਖੁਦ ਦੀ ਪਛਾਣ ਦਾ ਦਾਅਵਾ ਕੀਤਾ ਅਤੇ ਆਪਣੇ ਭਾਈਚਾਰਿਆਂ ਦੇ ਗਠਨ ਅਤੇ ਉਨ੍ਹਾਂ ਨੂੰ ਇਕੱਠੇ ਕਰਨ ਦੀ ਬੁਨਿਆਦ ਬਾਰੇ ਪੜਚੋਲ ਕੀਤੀ।

*ਬੁਸ਼ ਦੀਵਾਨ* ਦਾ ਸੰਚਾਲਨ ਅੰਮ੍ਰਿਤ ਗਿੱਲ ਅਤੇ ਰੀਨਾ ਟੇਕੁਚੀ ਦੁਆਰਾ ਕੀਤਾ ਗਿਆ ਹੈ।

'4 ਏ ਸੈਂਟਰ ਫਾਰ ਕੰਟੈਂਪਰੇਰੀ ਏਸ਼ੀਅਨ ਆਰਟ' ਅਤੇ 'ਬੇਨਾਲਾ ਆਰਟ ਗੈਲਰੀ' ਹੇਠਾਂ ਦਿੱਤੇ ਲੋਕਾਂ ਅਤੇ ਸਮੂਹਾਂ ਨੂੰ ਉਹਨਾਂ ਦੀ ਖੋਜ, ਸਲਾਹ, ਵਕਾਲਤ ਅਤੇ ਸਮਰਥਨ ਲਈ ਧੰਨਵਾਦ ਕਰਨਾ ਚਾਹੁੰਦੀ ਹੈ। ਇਹਨਾਂ ਯੋਗਦਾਨਾਂ ਨੇ ਵਿਰਾਸਤੀ ਤੌਰ 'ਤੇ ਸਿਵਾ ਸਿੰਘ ਦੀ ਕਹਾਣੀ ਬਾਰੇ ਜਾਗਰੂਕਤਾ ਫੈਲਾਉਣ 'ਚ ਹਿੱਸਾ ਪਾਇਆ ਹੈ, ਅਤੇ *ਬੁਸ਼ ਦੀਵਾਨ* ਅਤੇ ਇਸ ਸੰਬੰਧਿਤ ਜਨਤਕ ਪ੍ਰੋਗਰਾਮਾਂ ਨੂੰ ਵਿਕਸਤ ਕਰਨ ਅਤੇ ਪ੍ਰਦਾਨ ਕਰਨ ਵਿੱਚ ਸਿੱਧੇ ਤੌਰ 'ਤੇ ਸਹਾਇਤਾ ਕੀਤੀ ਹੈ: 'ਬੇਨਾਲਾ ਮਾਈਗ੍ਰੈਂਟਸ ਐਸੋਸੀਏਸ਼ਨ'; ਬੇਨਾਲਾ, ਸ਼ੈਪਰਟਨ ਅਤੇ ਉੱਤਰ-ਪੂਰਬੀ ਵਿਕਟੋਰੀਆ ਦਾ ਸਿੱਖ ਭਾਈਚਾਰਾ; 'ਬੇਨਾਲਾ ਹਿਸਟੋਰੀਕਲ ਸੋਸਾਇਟੀ'; 'ਆਸਟ੍ਰੇਲੀਅਨ ਇੰਡੀਅਨ ਹਿਸਟੋਰੀਕਲ ਸੋਸਾਇਟੀ'; ਸ਼ੈਪਰਟਨ ਸਿੱਖ ਗੁਰਦੁਆਰਾ; ਤੰਦੂਰੀ ਹੱਟ ਬੇਨਾਲਾ ਅਤੇ 'ਬੇਨਾਲਾ ਮਾਈਗ੍ਰੈਂਟ ਕੈਂਪ'।

**4a.com.au/exhibitions/bush-diwan**
**benallaartgallery.com.au/bush-diwan/**

**List of artworks:**

ਮਨੀਸ਼ਾ ਅੰਜਲੀ, *'ਸੀ ', 'ਪਿਲਗ੍ਰਿਮ ',* 2021, ਚਿਪਕਣ ਵਾਲੇ ਵਿਨਾਇਲ, ਰੇਤ, ਕੱਚ ਦੇ ਸੰਗਮਰਮਰ ਉੱਤੇ ਟੈਕਸਟ 190.5 x 110 ਸੈਂਟੀਮੀਟਰ (ਪ੍ਰਤੀ ਵਿਨਾਇਲ)।

ਅਨਿੰਦਿਤਾ ਬੈਨਰਜੀ, *'ਟ੍ਰਾਂਜ਼ਿਐਂਟ ਟੈਮਪਲਜ਼ '* , 2019, ਸਾਈਟ-ਵਿਸ਼ੇਸ਼ ਪ੍ਰਦਰਸ਼ਨ ਸਥਾਪਨਾ।

ਅਨਿੰਦਿਤਾ ਬੈਨਰਜੀ, *'ਟ੍ਰਾਂਜ਼ਿਐਂਟ ਟੈਮਪਲਜ਼'*, 2019, ਪ੍ਰਦਰਸ਼ਨ ਸਥਾਪਨਾ ਦੇ ਦਸਤਾਵੇਜ਼, ਸੂਤੀ ਰੈਗ ਪੇਪਰ ਉੱਤੇ ਸੀ-ਟਾਈਪ ਦੀਆਂ ਤਸਵੀਰਾਂ, 84.1 x 56.1ਸੈਂਟੀਮੀਟਰ।

ਅਨਿੰਦਿਤਾ ਬੈਨਰਜੀ, *'ਟ੍ਰਾਂਜ਼ਿਐਂਟ ਟੈਮਪਲਜ਼ '*, 2019, ਪ੍ਰਦਰਸ਼ਨ ਸਥਾਪਨਾ ਦੇ ਦਸਤਾਵੇਜ਼, ਸਿੰਗਲ ਚੈਨਲ ਵੀਡੀਓ ਅਤੇ ਆਡੀਓ , 2:39 ਮਿੰਟ।

ਮੋਨੀਸ਼ਾ ਚਿਪੜਾ, '*ਇਲੂ* ', 2018, ਸਿੰਗਲ ਚੈਨਲ ਵੀਡੀਓ ਅਤੇ ਆਡੀਓ, 18:21 ਮਿੰਟ।

ਸੁਖਜੀਤ ਕੌਰ ਖਾਲਸਾ ਅਤੇ ਪੇਰੂਨ ਬੋਨਸਰ, *'ਸਮੋਕ ਐਂਡ ਲਿਨਨ ',* 2022, ਸਿੰਗਲ ਚੈਨਲ ਵੀਡੀਓ, 5:00 ਮਿੰਟ।

ਸੁਖਜੀਤ ਕੌਰ ਖਾਲਸਾ ਅਤੇ ਪੇਰੂਨ ਬੋਨਸਰ, *'ਸੀ ਯੂ ਐਟ ਦਾ ਟਰੇਨ ਸਟੇਸ਼ਨ '*, 2022, ਸਿੰਗਲ ਚੈਨਲ ਵੀਡੀਓ, 2:33 ਮਿੰਟ.

ਸੁਖਜੀਤ ਕੌਰ ਖਾਲਸਾ ਅਤੇ ਪੇਰੂਨ ਬੋਨਸਰ, *'ਸਟੋਲਨ ਗੁੱਡਜ਼ '*, 2022, ਸਿੰਗਲ ਚੈਨਲ ਵੀਡੀਓ, 3:08 ਮਿੰਟ।

ਸੁਖਜੀਤ ਕੌਰ ਖਾਲਸਾ, *'ਫੈਨਸ ਸਿਟਿੰਗ 1'*, 2018, ਸੂਤੀ ਰਾਗ ਪੇਪਰ 'ਤੇ ਸੀ-ਟਾਈਪ ਫੋਟੋ, 144 x 96 ਸੈਂਟੀਮੀਟਰ।

ਸੁਖਜੀਤ ਕੌਰ ਖਾਲਸਾ, *'ਫੈਨਸ ਸਿਟਿੰਗ 2'*, 2018, ਸੂਤੀ ਰਾਗ ਪੇਪਰ 'ਤੇ ਸੀ-ਟਾਈਪ ਫੋਟੋ, 144 x 96 ਸੈਂਟੀਮੀਟਰ।

ਸੁਖਜੀਤ ਕੌਰ ਖਾਲਸਾ, *'ਫੈਨਸ ਸਿਟਿੰਗ 3'*, 2018, ਸੂਤੀ ਰਾਗ ਪੇਪਰ 'ਤੇ ਸੀ-ਟਾਈਪ ਫੋਟੋ, 144 x 96 ਸੈਂਟੀਮੀਟਰ।

ਅਮਰਦੀਪ ਸ਼ੇਰਗਿੱਲ, *'ਬਰੇਕ ਔਫ ਬਟ ਨੌਟ ਅਵੇਅ ',* 2018, ਸਟੀਲ ਦੇ ਜਾਲ ਉੱਤੇ ਡੀ ਐਮ ਸੀ ਧਾਗੇ ਦਾ ਕੰਮ, ਫੈਬਰਿਕ ਮਾਰਕਰ, 100 x 68 x 11 ਸੈਂਟੀਮੀਟਰ।

ਅਮਰਦੀਪ ਸ਼ੇਰਗਿੱਲ, *'ਸਨੇਡਨ (ਲਾਇਨੇਟ) I',* 2019, ਸਟੀਲ ਦੇ ਜਾਲ ਉੱਤੇ ਡੀ ਐਮ ਸੀ ਧਾਗੇ ਦਾ ਕੰਮ, 122 x 125 x 27 ਸੈਂਟੀਮੀਟਰ।

ਅਮਰਦੀਪ ਸ਼ੇਰਗਿੱਲ, *'ਸਨੇਡਨ (ਲਾਇਨੇਟ) II'*, 2019, ਸਟੀਲ ਦੇ ਜਾਲ ਉੱਤੇ ਡੀ ਐਮ ਸੀ ਧਾਗੇ ਦਾ ਕੰਮ, 122 x 123 x 27 ਸੈਂਟੀਮੀਟਰ।

ਅਮਰਦੀਪ ਸ਼ੇਰਗਿੱਲ, *ਧੰਨ ਕੌਰ ਦੀ ਫੁਲਕਾਰੀ II (ਪੀਲੀ) ਦੀ ਪੁਨਰ ਤਰਜਮਾਨੀ*, 2018, ਸਟੀਲ ਦੇ ਜਾਲ ਉੱਤੇ ਡੀ ਐਮ ਸੀ ਧਾਗੇ ਦਾ ਕੰਮ, 122 x 144 x 27 ਸੈਂਟੀਮੀਟਰ।

ਅਮਰਦੀਪ ਸ਼ੇਰਗਿੱਲ, *'ਕਲਾਮੰਦਿਰ ਬਲੂ ',* 2018, ਸਟੀਲ ਦੇ ਜਾਲ ਉੱਤੇ ਡੀ ਐਮ ਸੀ ਧਾਗੇ ਦਾ ਕੰਮ, 'ਫਿਸ਼ਿੰਗ ਤਾਰ', 50.5 x 51 x 26 ਸੈਂਟੀਮੀਟਰ।

ਅਮਰਦੀਪ ਸ਼ੇਰਗਿੱਲ, *'ਕਲਾਮੰਦਿਰ ਗ੍ਰੀਨ ਐਂਡ ਗੋਲਡ '*, 2018, ਸਟੀਲ ਦੇ ਜਾਲ ਉੱਤੇ ਡੀ ਐਮ ਸੀ ਧਾਗੇ ਦਾ ਕੰਮ, 'ਫਿਸ਼ਿੰਗ ਤਾਰ', 50.5 x 51 x 26 ਸੈਂਟੀਮੀਟਰ।

ਅਮਰਦੀਪ ਸ਼ੇਰਗਿੱਲ, *'ਕਲਾਮੰਦਿਰ ਯੈਲੋ ',* 2018, ਸਟੀਲ ਦੇ ਜਾਲ ਉੱਤੇ ਡੀ ਐਮ ਸੀ ਧਾਗੇ ਦਾ ਕੰਮ, 'ਫਿਸ਼ਿੰਗ ਤਾਰ', 50.5 x 51 x 26 ਸੈਂਟੀਮੀਟਰ।

ਅਮਰਦੀਪ ਸ਼ੇਰਗਿੱਲ, *ਧੰਨ ਕੌਰ ਦੀ ਫੁਲਕਾਰੀ III (ਨੀਲੀ) ਦੀ ਪੁਨਰ ਤਰਜਮਾਨੀ*, 2018, 95 x 48 x 54 ਸੈਂਟੀਮੀਟਰ।

ਅਮਰਦੀਪ ਸ਼ੇਰਗਿੱਲ, *'ਗੋ ਬੈਕ..ਟੂ ਯੂਅਰ ਸੈਂਟਰ I'* (ਡੂੰਘਾ ਲਾਲ, ਨੀਲਾ ਅਤੇ ਹਰਾ), 2018, ਸਟੀਲ ਦੇ ਜਾਲ ਉੱਤੇ ਡੀ ਐਮ ਸੀ ਧਾਗੇ ਦਾ ਕੰਮ, ਫੈਬਰਿਕ ਮਾਰਕਰ, 125 x 61.5 x 8.5 ਸੈਂਟੀਮੀਟਰ।

ਅਮਰਦੀਪ ਸ਼ੇਰਗਿੱਲ, *'ਗੋ ਬੈਕ..ਟੂ ਯੂਅਰ ਸੈਂਟਰ II'* (ਹਰਾ), 2018, ਸਟੀਲ ਦੇ ਜਾਲ ਉੱਤੇ ਡੀ ਐਮ ਸੀ ਧਾਗੇ ਦਾ ਕੰਮ, 120 x 65.5 x 8.5 ਸੈਂਟੀਮੀਟਰ।

ਅਮਰਦੀਪ ਸ਼ੇਰਗਿੱਲ, *'ਆਉਜ਼ੀ ਫੁਲਕਾਰੀ'*, 2022, ਸਟੀਲ ਦੇ ਜਾਲ ਉੱਤੇ ਡੀ ਐਮ ਸੀ ਧਾਗੇ ਦਾ ਕੰਮ, 122 x 245 x 37 ਸੈਂਟੀਮੀਟਰ।

Inside poster image:
1920 ਵਿੱਚ ਬੇਨਾਲਾ ਦੇ ਖੇਤਰੀ ਇਲਾਕੇ ਰੀਫ ਹਿਲਜ਼ ਵਿਖੇ ਸਿਵਾ ਸਿੰਘ ਦੇ ਫਾਰਮ 'ਤੇ ਇਕੱਠਾ ਹੋਇਆ ਸਿੱਖਾਂ ਦਾ ਇੱਕ ਸਮੂਹ; ਫੋਟੋ: ਡਬਲਯੂ ਜੇ ਹਾਉਸ਼ਿਪ ਕੁਲੈਕਸ਼ਨ, ਯੂਨੀਵਰਸਿਟੀ ਆਫ ਮੈਲਬਰਨ

